ਨੰਬਰ 52/ਐਮ.ਏ

ਮਿਤੀ 22/03/2020

ਹੁਕਮ

ਇਸ ਦਫਤਰ ਵੱਲੋ ਜਾਰੀ ਕੀਤੇ ਦਫਤਰੀ ਹੁਕਮ ਨੰਬਰ 48/ਐਮ.ਏ ਮਿਤੀ 22/03/2020 ਰਾਂਹੀ ਹੁਕਮ ਜਾਰੀ ਕੀਤਾ ਗਿਆ ਸੀ ਕਿ ਕੋਵਿਡ-19 (ਕਰੋਨਾ ਵਾਇਰਸ) ਦੀ ਬਿਮਾਰੀ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ ਜਿਸ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:14/7/2020-4/677 ਮਿਤੀ 05.03.2020 ਰਾਹੀਂ ਕਰੋਨਾ ਵਾਇਰਸ ਨੂੰ ਮਹਾਂਮਾਰੀ ਘੋਸ਼ਿਤ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋ ਜਾਰੀ ਮੀਮੋ ਨੰਬਰ CSO/2020/363 ਮਿਤੀ 22/03/2020 ਰਾਂਹੀ ਰੋਜਾਨਾਂ ਜਰੂਰਤਾਂ ਦੀਆਂ ਦੁਕਾਨਾਂ ਖੋਲਣ ਦੀ ਆਗਿਆ ਦਿੱਤੀ ਗਈ ਸੀ। ਇਸ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਸਬੰਧੀ ਕੁਝ ਹਦਾਇਤਾਂ ਜਾਰੀ ਕਰਨੀਆਂ ਹੁਣ ਲਾਜ਼ਮੀ ਹੋ ਗਈਆਂ ਹਨ। ਸਮੇ ਦੀ ਨਜਾਕਤ ਨੂੰ ਦੇਖਦੇ ਹੋਏ ਜਰੂਰੀ ਹੈ ਕਿ ਜਾਰੀ ਕੀਤੇ ਗਏ ਹੁਕਮ ਅਨੁਸਾਰ ਜੋ ਦੁਕਾਨਦਾਰ ਆਪਣੀਆ ਦੁਕਾਨਾਂ ਖੋਲਣਗੇ ਉਹ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਰੋਨਾ [illegible] ਤੋ ਬਚਾਅ ਲਈ ਉਪਰਾਲੇ ਕਰਨਗੇ। ਜਿਵੇ ਕਿ ਆਮ ਪਬਲਿਕ ਦੀ ਸਹੂਲਤ/ਸੁਰੱਖਿਆ ਲਈ ਮੁਫਤ ਸੈਨੀਟਾਈਜ਼ਰ/ਸਾਬਣ/ਟਾਵਲ ਆਦਿ ਆਪਣੀ ਆਪਣੀ ਦੁਕਾਨ ਤੇ ਰੱਖਣਗੇ।

ਇਸ ਲਈ ਮੈਂ, ਘਨਸ਼ਿਆਮ ਥੋਰੀ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਸੰਗਰੂਰ The Epidemic Disease Act 1897, ਅਤੇ ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4/677 ਮਿਤੀ 5.3.2015 ਅਨੁਸਾਰ ਪਬਲਿਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਰੋਨਾ ਵਾਇਰਸ ਦੇ ਪ੍ਰਭਾਵ ਨੂੰ ਆਮ ਲੋਕਾਂ ਦੇ ਫੈਲਣ ਤੋਂ ਰੋਕਣ ਲਈ ਇਹ ਹੁਕਮ ਦਿੰਦਾ ਹਾਂ ਕਿ ਜ਼ਿਲ੍ਹੇ ਸੰਗਰੂਰ ਦੀ ਹਦੂਦ ਅੰਦਰ ਪਹਿਲਾਂ ਜਾਰੀ ਕੀਤੇ ਗਏ ਹੁਕਮ ਅਨੁਸਾਰ ਜੋ ਦੁਕਾਨਦਾਰ ਆਪਣੀਆ ਦੁਕਾਨਾਂ ਅਤੇ ਕਾਰੋਬਾਰ ਖੋਲਣਗੇ, ਉਹ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਰੋਨਾ ਵਾਇਰਸ ਤੋ ਬਚਾਅ ਲਈ ਸੈਨੀਟੇਸ਼ਨ ਲਈ ਲੋੜੀਂਦੇ ਪ੍ਰਬੰਧ ਕਰਨਗੇ ਜਿਵੇ ਕਿ ਆਪਣੇ ਦੁਕਾਨ ਵਿੱਚ ਕੰਮ ਕਰਦੇ ਕ੍ਰਮਚਾਰੀਆਂ ਵਿਚ ਘੱਟੋ-ਘੱਟ ਇਕ ਮੀਟਰ ਦੀ ਦੂਰੀ ਬਣਾ ਕੇ ਰਖਣਾ, ਉਹਨਾਂ ਨੂੰ ਵੱਧ ਤੋਂ ਵੱਧ ਸਾਬਣ ਨਾਲ ਹੱਥ ਧੋਣ ਲਈ ਪਾਬੰਦ ਕਰਨਗੇ, ਆਪਣੇ ਕਾਰੋਬਾਰ ਕਰਨ ਵਾਲੀ ਜਗ੍ਹਾ ਦੀ ਲਗਾਤਾਰ ਸਾਫ-ਸਫਾਈ (ਖਾਸ ਕਰ ਦਰਵਾਜੇ ਦੇ ਹੈਂਡਲ ਦੀ ਸਫਾਈ, ਟੇਬਲ ਦੇ ਉਪਰਲੇ ਭਾਗ ਅਤੇ ਕੁਰਸੀਆਂ ਦੇ ਹੈਂਡਲ ਦੀ ਸਫਾਈ, ਵਰਤੇ ਜਾਣ ਵਾਲੇ ਕੰਮਪਿਊਟਰ ਦੇ ਕੀਬੋਰਡ ਅਤੇ ਮਾਊਸ ਦੀ ਸਫਾਈ, ਟੈਲੀਫੋਨ ਦੀ ਸਫਾਈ ਅਤੇ ਹੋਰ ਹੱਥ ਲੱਗਣ ਵਾਲੀਆਂ ਥਾਂਵਾਂ ਦੀ ਸਫਾਈ) ਅਤੇ ਆਮ ਪਬਲਿਕ ਲਈ ਸੈਨੀਟਾਈਜ਼ਰ/ਸਾਬਣ ਆਦਿ ਰੱਖਣਗੇ ਅਤੇ ਆਮ ਪਬਲਿਕ ਵਿੱਚ ਵੀ ਇਕ ਮੀਟਰ ਦਾ ਫਾਸਲਾ ਰੱਖਵਾਉਣਗੇ ਅਤੇ ਉਹਨਾਂ ਨੂੰ ਵੀ ਹੱਥ ਧੋ ਕੇ ਜਾਂ ਸੈਨੀਟਾਈਜ਼ਰ ਦੀ ਵਰਤੋਂ ਕਰਕੇ ਅੰਦਰ ਆਉਣ ਲਈ ਕਹਿਣਗੇ। ਇਸ ਤੋਂ ਇਲਾਵਾ ਬੈਂਕ ਅਤੇ ਏ.ਟੀ.ਐਮ ਬੂਥ ਦੇ ਇੰਚਾਰਜ ਉਥੇ ਮੌਜੂਦ ਗਾਰਡ ਜ਼ਾ ਹੋਰ ਕ੍ਰਮਚਾਰੀ ਰਾਂਹੀ ਇਹ ਸੁਨਿਸ਼ਚਿਤ ਕਰਨਗੇ ਕਿ ਹੱਥ ਲਗਣ ਵਾਲੀਆਂ ਥਾਵਾਂ ਜਿਵੇਂ ਕਿ ਏ.ਟੀ.ਐਮ. ਕੀਪੈਡ ਨੂੰ Disinfectant ਰਾਂਹੀ ਲਗਾਤਾਰ ਸਾਫ ਕੀਤਾ ਜਾਵੇ।

ਇਨ੍ਹਾਂ ਹੁਕਮਾਂ ਨੂੰ ਸਖਤੀ ਨਾਲ ਲਾਗੂ ਕਰਵਾਉਣ ਲਈ ਆਬਕਾਰੀ ਤੇ ਕਰ ਕਮਿਸ਼ਨਰ, ਸੰਗਰੂਰ ਅਤੇ ਉਪ ਮੰਡਲ ਮੈਜਿਸਟਰੇਟ ਵਲੋਂ ਤੈਨਾਤ ਕੀਤੇ ਸੈਕਟਰ ਅਫਸਰ ਜੁੰਮੇਵਾਰ ਹੋਣਗੇ।

ਇਹ ਹੁਕਮ ਮਿਤੀ 22/03/2020 ਤੋਂ 31/03/2020 ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਤ ਕੀਤਾ ਜਾਂਦਾ ਹੈ। ਇਹ ਹੁਕਮ ਜਿਲਾ ਲੋਕ ਸੰਪਰਕ ਅਫਸਰ ਸੰਗਰੂਰ ਦੀ ਪ੍ਰਚਾਰ ਗੱਡੀ ਰਾਹੀਂ ਮੁਨਾਦੀ ਕਰਵਾ ਕੇ ਅਤੇ ਹੁਕਮ ਦੀਆਂ ਕਾਪੀਆਂ ਸਦਰ ਮੁਕਾਮਾਂ, ਉਪ ਮੰਡਲ ਮੈਜਿਸਟਰੇਟਸ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਪੱਧਰ ਦੀਆਂ ਪਬਲਿਕ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 22/03/2020 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਜਾਰੀ ਹੋਇਆ।

ਘਨਸ਼ਿਆਮ ਥੋਰੀ, ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ,
ਸੰਗਰੂਰ।

ਪਿ:ਅ:ਨੰ: 4157-67 /ਐਮ.ਏ ਮਿਤੀ: 22/03/2020

ਉਪਰੋਕਤ ਦਾ ਉਤਾਰਾ:

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ
3. ਕਮਿਸ਼ਨਰ, ਪਟਿਆਲਾ ਮੰਡਲ ਪਟਿਆਲਾ
4. ਜ਼ਿਲਾ ਅਤੇ ਸੈਸ਼ਨ ਜੱਜ ਸੰਗਰੂਰ

Scanned with CamScanner